# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 06 ਅਕਤੂਬਰ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਜਗਤ ਪੰਜਾਬੀ ਸਭਾ ਅਤੇ ਉਨਟਾਰੀਓ ਫਰੈਂਡ ਕਲੱਬ ਦਾ ਅੰਤਰਰਾਸ਼ਟਰੀ ਸੈਮੀਨਾਰ ਤੇ ਕਵੀ ਦਰਬਾਰ ਅਮਿੱਟ ਪੈੜਾਂ ਛੱਡਦਾ ਸਫ਼ਲਤਾਪੂਰਵਕ ਸੰਪੰਨ ਹੋਇਆ

### ਕਵਿਤਾ ਉਚਾਰਨ ਮੁਕਾਬਲੇ ਵਿੱਚ ਰਾਮ ਸਿੰਘ ਔਲਖ ਪਹਿਲੇ, ਭੁਪਿੰਦਰ ਸਿੰਘ ਭੋਡੇ ਦੂਜੇ ਅਤੇ ਸੁਜਾਨ ਸਿੰਘ ਤੀਜੇ ਸਥਾਨ 'ਤੇ ਰਹੇ



ਬਰੈਂਪਟਨ 06 ਅਕਤੂਬਰ : ਜਗਤ ਪੰਜਾਬੀ ਸਭਾ ਅਤੇ ਉਨਟਾਰੀਓ ਫਰੈਂਡ ਕਲੱਬ ਵੱਲੋਂ 3 ਅਤੇ 4 ਅਕਤੂਬਰ 2026 ਨੂੰ ਬਰੈਂਪਟਨ ਵਿਖੇ ਕਰਵਾਇਆ ਗਿਆ ਦੋ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਤੇ ਕਵੀ ਦਰਬਾਰ ਅਮਿੱਟ ਪੈੜਾਂ ਛੱਡਦਾ ਸਫ਼ਲਤਾਪੂਰਵਕ ਸੰਪੰਨ ਹੋਇਆ। ਦੋਵੇਂ ਦਿਨ ਬੁਲਾਰਿਆਂ, ਕਵੀਆਂ, ਗਾਇਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪਹਿਲੇ ਦਿਨ, 3 ਅਕਤੂਬਰ ਨੂੰ ਤਾਹਿਰ ਅਸਲਮ ਗੋਰਾ ਨੇ ਰਿਬਨ ਕੱਟ ਕੇ ਸੈਮੀਨਾਰ ਦਾ ਉਦਘਾਟਨ ਕੀਤਾ। ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਤਰਲੋਕ ਸਿੰਘ ਕਾਹਲੋਂ, ਮਨਿੰਦਰਜੀਤ ਕੌਰ ਪੂਰਨ, ਤੋਖੀ ਸੰਘਾ, ਬਾਘਾ, ਤ੍ਰਿਪਤਾ ਸੋਢੀ, ਸੰਤੋਖ ਸਿੰਘ ਸੰਧੂ ਅਤੇ ਸੰਜੀਤ ਸਿੰਘ ਨੇ ਨਿਭਾਈ। ਪਹਿਲੇ ਸੈਸ਼ਨ ਦੀ ਕਾਰਵਾਈ ਸਰਦੂਲ ਸਿੰਘ ਥਿਆੜਾ ਨੇ ਚਲਾਈ।




"ਭਾਰਤ ਦੀ ਆਜ਼ਾਦੀ ਦੇ ਯੋਧੇ" ਵਿਸ਼ੇ ਨੂੰ ਸਮਰਪਿਤ ਦੂਜੇ ਸੈਸ਼ਨ ਦਾ ਸੰਚਾਲਨ ਡਾ. ਰਮਨੀ ਬਤਰਾ ਨੇ ਕੀਤਾ। ਕਰਨ ਅਜਾਇਬ ਸਿੰਘ ਸੰਘਾ, ਪ੍ਰਿੰਸੀਪਲ ਨਿਰਵੈਰ ਸਿੰਘ ਅਰੋੜਾ, ਰਾਮ ਸਿੰਘ ਔਲਖ, ਸਚਵੰਤ ਸਿੰਘ ਭੱਟੀ ਨਾਮਧਾਰੀ, ਤਾਹਿਰ ਅਸਲਮ ਗੋਰਾ, ਪ੍ਰਿੰਸੀਪਲ ਝਾਂਜੀ ਅਤੇ ਭੁਪਿੰਦਰ ਸਿੰਘ ਵਾਲੀਆ ਨੇ ਆਪਣੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਨੇ ਆਪੋ-ਆਪਣੇ ਵਿਸ਼ਿਆਂ ਉੱਤੇ ਪ੍ਰਭਾਵਸ਼ਾਲੀ ਢੰਗ ਨਾਲ ਚਾਨਣਾ ਪਾਇਆ।

ਇਸ ਉਪਰੰਤ ਹੋਏ ਕਵੀ ਦਰਬਾਰ ਦਾ ਸੰਚਾਲਨ ਹਲੀਮਾ ਸਾਦੀਆ ਨੇ ਸੁਚੱਜੇ ਢੰਗ ਨਾਲ ਕੀਤਾ। ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਜਦਕਿ ਹੀਰਾ ਧਾਲੀਵਾਲ, ਹਰਜੀਤ ਕੌਰ ਅਤੇ ਰਣਜੀਤ ਕੌਰ ਨੇ ਗੀਤਾਂ ਰਾਹੀਂ ਸਰੋਤਿਆਂ ਦਾ ਮਨ ਮੋਹਿਆ। ਗੁਰਵੈਲ ਸਿੰਘ ਨੇ ਸਮਾਗਮ ਦੀ ਵੀਡੀਓ ਰਿਕਾਰਡਿੰਗ ਕੀਤੀ।

ਦੂਜੇ ਦਿਨ, ਐਤਵਾਰ 4 ਅਕਤੂਬਰ ਨੂੰ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ। ਹਰਿੰਦਰ ਕੌਰ ਬਰਾੜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਰਿਬਨ ਕੱਟ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਸਮਾਗਮ ਦੀ ਕਾਰਵਾਈ ਸਰਦੂਲ ਸਿੰਘ ਥਿਆੜਾ ਨੇ ਚਲਾਈ, ਜਦਕਿ ਕਵੀ ਦਰਬਾਰ ਦਾ ਸੰਚਾਲਨ ਸੰਤੋਖ ਸਿੰਘ ਸੰਧੂ ਨੇ ਕੀਤਾ।

ਕਵਿਤਾ ਉਚਾਰਨ ਮੁਕਾਬਲੇ ਵਿੱਚ 21 ਕਵੀਆਂ ਨੇ ਹਿੱਸਾ ਲਿਆ। ਜੱਜਾਂ ਦੀ ਭੂਮਿਕਾ ਤਰਲੋਕ ਸਿੰਘ ਕਾਹਲੋਂ, ਰੁਪਿੰਦਰ ਕੌਰ ਸੰਧੂ, ਗਿਆਨ ਸਿੰਘ ਦਰਦੀ ਅਤੇ ਜਸਪਾਲ ਸਿੰਘ ਦਾਸੁਵੀ ਨੇ ਨਿਭਾਈ। ਸਾਰੇ ਕਵੀਆਂ ਨੇ ਨਿਰਧਾਰਤ ਸਮੇਂ ਦੀ ਹੱਦ ਵਿੱਚ ਰਹਿ ਕੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਜੱਜਾਂ ਦੇ ਫ਼ੈਸਲੇ ਅਨੁਸਾਰ ਰਾਮ ਸਿੰਘ ਔਲਖ ਨੇ ਪਹਿਲਾ, ਭੁਪਿੰਦਰ ਸਿੰਘ ਭੋਡੇ ਨੇ ਦੂਜਾ ਅਤੇ ਸੁਜਾਨ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਤੋਂ ਇਲਾਵਾ ਮਨਿੰਦਰਜੀਤ ਕੌਰ ਪੂਰਨ, ਰਣਜੀਤ ਕੌਰ, ਸੁਰਿੰਦਰ ਸਿੰਘ ਸੂਰ, ਗੁਰਦਾਸ ਸਿੰਘ ਅਤੇ ਅਮਰਜੀਤ ਸਿੰਘ ਨੂੰ ਵੀ ਨਕਦ ਇਨਾਮ ਦਿੱਤੇ ਗਏ।

ਰਾਮਿੰਦਰ ਵਾਲੀਆ ਨੇ ਸਾਰੇ ਕਵੀਆਂ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਸੀ ਅਤੇ ਨਵੇਂ ਨੌਜਵਾਨ 20 ਕਵੀਆਂ ਨੂੰ ਜੋੜਣ ਲਈ ਅਹਿਮ ਭੂਮਿਕਾ ਨਿਭਾਈ । ਨੌਜਵਾਨ ਕਵੀ ਗੁਰਦਾਸ ਸਿੰਘ ਥੱਬਾਲ ਨੇ ਆਪਣੇ 20 ਨੌਜਵਾਨ ਕਵੀਆਂ ਨਾਲ ਇਸ ਕਵੀ ਦਰਬਾਰ ਵਿੱਚ ਸ਼ਿਰਕਤ ਕੀਤੀ ।

ਕਵੀ ਦਰਬਾਰ ਵਿੱਚ 14 ਨੌਜਵਾਨ ਕਵੀਆਂ ਨੇ ਵੀ ਹਿੱਸਾ ਲਿਆ। ਡਾ. ਰਮਨੀ ਬਤਰਾ ਅਤੇ ਬਲਵਿੰਦਰ ਕੌਰ ਚੱਠਾ ਵੱਲੋਂ ਹਰੇਕ ਕਵੀ ਨੂੰ ਭਾਗ ਲੈਣ ਦਾ ਸਰਟੀਫਿਕੇਟ ਦਿੱਤਾ ਗਿਆ। ਨੌਜਵਾਨ ਭਾਗੀਦਾਰਾਂ ਨੂੰ ਮੈਡਲ ਪਾ ਕੇ ਵੀ ਸਨਮਾਨਿਤ ਕੀਤਾ ਗਿਆ।

ਜਗਤ ਪੰਜਾਬੀ ਸਭਾ ਲਈ ਕੀਤੀਆਂ ਸੇਵਾਵਾਂ ਬਦਲੇ ਰਵਿੰਦਰ ਸਿੰਘ ਅਤੇ ਸੰਜੀਤ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਕੁਲਦੀਪ ਸਿੰਘ ਗਿੱਲ, ਦਲਜੀਤ ਸਿੰਘ ਗੈਦੂ ਅਤੇ ਕੁਲਵੰਤ ਕੌਰ ਗੈਦੂ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਹਰਿੰਦਰ ਕੌਰ ਬਰਾੜ ਅਤੇ ਸਮਾਗਮ ਦੇ ਸਪਾਂਸਰਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਹਲੀਮਾ ਸਾਦੀਆ, ਹਰਜੀਤ ਕੌਰ, ਰਣਜੀਤ ਕੌਰ, ਪਰਮਪ੍ਰੀਤ ਕੌਰ ਬਾਂਗਾ, ਬੇਅੰਤ ਕੌਰ ਅਤੇ ਮਮਤਾ ਨੇ ਗੀਤ ਪੇਸ਼ ਕਰਕੇ ਸਮਾਗਮ ਦੀ ਰੌਣਕ ਵਧਾਈ। ਹਰਿੰਦਰ ਕੌਰ ਬਰਾੜ ਨੇ ਆਪਣੇ ਪ੍ਰਧਾਨਗੀ ਭਾਸ਼ਣ ਉਪਰੰਤ ਆਪਣੀ ਪ੍ਰਸਿੱਧ ਕਵਿਤਾ "ਭੱਠੀ ਵਾਲੀ ਕੁੜੀ" ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਸੁਣਾਈ।

ਮੁੱਖ ਸਲਾਹਕਾਰ ਭੁਪਿੰਦਰ ਸਿੰਘ ਬਾਜਵਾ ਨੇ ਸਮਾਗਮ ਦੇ ਸੁਚੱਜੇ ਪ੍ਰਬੰਧਾਂ ਲਈ ਸਰਦੂਲ ਸਿੰਘ ਥਿਆੜਾ ਅਤੇ ਸੰਤੋਖ ਸਿੰਘ ਸੰਧੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸਮਾਗਮ ਦੀ ਯਾਦ ਸੰਭਾਲਣ ਲਈ ਸਮੂਹਿਕ ਤਸਵੀਰ ਵੀ ਖਿੱਚੀ ਗਈ। ਚਾਹ-ਪਾਣੀ ਦਾ ਪ੍ਰਬੰਧ ਸੰਤੋਖ ਸਿੰਘ ਸੰਧੂ ਅਤੇ ਗੁਰਚਰਨ ਸਿੰਘ ਵੱਲੋਂ ਕੀਤਾ ਗਿਆ। ਹਾਜ਼ਰੀਨ ਨੇ ਦੋਵੇਂ ਦਿਨਾਂ ਦੇ ਪ੍ਰੋਗਰਾਮਾਂ ਦਾ ਭਰਪੂਰ ਆਨੰਦ ਮਾਣਿਆ।

ਅੰਤ ਵਿੱਚ ਜਗਤ ਪੰਜਾਬੀ ਸਭਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਨੇ ਮੁੱਖ ਮਹਿਮਾਨ, ਬੁਲਾਰਿਆਂ, ਕਵੀਆਂ, ਜੱਜਾਂ, ਸਪਾਂਸਰਾਂ, ਸਹਿਯੋਗੀਆਂ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਹਰੇਕ ਮਹੀਨੇ ਦੇ ਪਹਿਲੇ ਐਤਵਾਰ ਨੂੰ ਕਵੀ ਦਰਬਾਰ ਕਰਵਾਇਆ ਜਾਵੇਗਾ। ਉਨ੍ਹਾਂ ਕਵੀਆਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਨ੍ਹਾਂ ਸਾਹਿਤਕ ਮਿਲਣੀਆਂ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਧੰਨਵਾਦ ਸਹਿਤ । ਇਹ ਖ਼ਬਰ ਚੇਅਰਮੈਨ ਸ . ਅਜੈਬ ਸਿੰਘ ਚੱਠਾ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ

ਉਹ ਤਾਂ ਕੇਵਲ ਚੋਲ਼ਾ ਬਦਲੇ, ਕੌਣ ਕਹੇ ਮਾਂ ਮਰ ਜਾਂਦੀ ਹੈ।
ਪੁੱਤਰ ਧੀਆਂ ਅੰਦਰ ਉਹ ਤਾਂ, ਆਪਣਾ ਸਭ ਕੁਝ ਧਰ ਜਾਂਦੀ ਹੈ।

ਮਹਿਕ ਸਦੀਵੀ, ਮੋਹ ਦੀਆਂ ਤੰਦਾਂ, ਮਮਤਾ ਮੂਰਤ ਰੂਪ ਬਦਲਦੀ,
ਕਿੰਨੇ ਮਹਿੰਗੇ ਅਸਲ ਖ਼ਜ਼ਾਨੇ, ਦੇ ਕੇ ਝੋਲੀ ਭਰ ਜਾਂਦੀ ਹੈ।

ਸਬਰ, ਸਿਦਕ, ਸੰਤੋਖ, ਸਮਰਪਣ, ਸੇਵਾ, ਸਿਮਰਨ, ਸੁਰਤੀ ਸੁੱਚੀ,
ਸਬਕ ਸਦੀਵੀ ਹੋਰ ਬੜਾ ਕੁਝ, ਆਪ ਹਵਾਲੇ ਕਰ ਜਾਂਦੀ ਹੈ।

ਘਰ ਦੀ ਥੁੜ ਨੂੰ ਕੱਜਦੀ ਕੱਜਦੀ, ਆਪ ਟਾਕੀਆਂ ਲਾਉਂਦੀ ਰਹਿੰਦੀ,
ਰਿਸ਼ਤੇ ਨਾਤੇ ਜੋੜ ਜੋੜ ਕੇ, ਨੀਂਹ ਨੂੰ ਪੱਕਿਆਂ ਕਰ ਜਾਂਦੀ ਹੈ।

ਮਿੱਟੀ ਦੇ ਸੰਗ ਮਿੱਟੀ ਹੋ ਕੇ, ਮਿੱਟੀ 'ਚੋਂ ਆਕਾਰ ਸਿਰਜਦੀ,
ਟੁੱਟ ਜਾਵੇ ਨਾ ਖੇਡ ਖਿਡਾਉਣਾ, ਸੋਚ ਸੋਚ ਮਾਂ ਡਰ ਜਾਂਦੀ ਹੈ।

ਧਰਤੀ ਮਾਂ ਤੇ ਅੰਬਰ ਬਾਬਲ, ਰੂਹ ਦਾ ਸੂਰਜ ਕੌਣੀ ਟਿੱਕਾ,
ਲੈ ਕੇ ਸੂਹੀ ਸਿਰ ਫੁਲਕਾਰੀ, ਚੰਨ ਨੂੰ ਚਾਨਣੀ ਵਰ ਜਾਂਦੀ ਹੈ।

ਧਰਤੀ ਮਾਂ ਦੀ ਧੀ ਸੁਚਿਆਰੀ, ਮੇਰੀ ਮਾਂ ਦੇ ਵਰਗੀ ਹਰ ਮਾਂ,
ਬਿਨ ਕੋਸ਼ਿਸ਼ ਤੋਂ ਮਾਂ ਬੋਲੀ ਦਾ ਸ਼ਬਦ-ਭੰਡਾਰਾ ਭਰ ਜਾਂਦੀ ਹੈ।

## ਕੰਸਰਵੇਟਿਵ ਸਲੇਟ ਦੀ ਰੈਲੀ ਵਿੱਚ ਸਰੀ ਦੇ ਵਿਕਾਸ, ਸੁਰੱਖਿਆ ਤੇ ਟੈਕਸਾਂ ਦੇ ਮੁੱਦੇ ਭਾਰੂ

### ਹੋਨਵੀਰ ਸਿੰਘ ਰੰਧਾਵਾ ਪੁਰਾਣੀ ਸਿਆਸੀ ਪਕੜ ਤੋਂ ਮੁਕਤ ਹੋ ਕੇ ਨਵੀਂ ਟੀਮ ਨੂੰ ਮੌਕਾ ਦੇਣ ਦੀ ਅਪੀਲ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 6 ਅਕਤੂਬਰ : ਸਰੀ ਦੀਆਂ ਮਿਊਂਸਿਪਲ ਚੋਣਾਂ ਦੀ ਤਾਰੀਖ ਨੇੜੇ ਆਉਂਦਿਆਂ ਸ਼ਹਿਰ ਦੀ ਸਿਆਸੀ ਸਰਗਰਮੀ ਤੇਜ਼ ਹੋ ਗਈ ਹੈ। ਵੱਖ-ਵੱਖ ਸਲੇਟਾਂ ਵੱਲੋਂ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਮੀਟਿੰਗਾਂ ਅਤੇ ਰੈਲੀਆਂ ਦਾ ਦੌਰ ਜਾਰੀ ਹੈ। ਇਸੇ ਕੜੀ ਵਿੱਚ ਪਾਇਲ ਬਿਜ਼ਨਸ ਸੈਂਟਰ ਸਥਿਤ ਇੰਪਰੈਸ ਬੈਂਕੁਇਟ ਹਾਲ ਵਿੱਚ ਕੰਸਰਵੇਟਿਵ ਸਲੇਟ ਆਫ ਸਰੀ ਵੱਲੋਂ ਇੱਕ ਚੋਣ ਰੈਲੀ ਕੀਤੀ ਗਈ, ਜਿਸ ਵਿੱਚ ਸਲੇਟ ਦੇ ਉਮੀਦਵਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਮਰਥਕਾਂ ਅਤੇ ਸਥਾਨਕ ਵਸਨੀਕਾਂ ਨੇ ਸ਼ਮੂਲੀਅਤ ਕੀਤੀ। ਸਰੀ ਵਿੱਚ 17 ਅਕਤੂਬਰ ਨੂੰ ਮੇਅਰ, ਅੱਠ ਸਿਟੀ ਕੌਂਸਲਰ ਅਤੇ ਛੇ ਸਕੂਲ ਟਰੱਸਟੀਆਂ ਦੀ ਚੋਣ ਲਈ ਵੋਟਾਂ ਪੈਣੀਆਂ ਹਨ।



ਇਸ ਰੈਲੀ ਦੌਰਾਨ ਬੁਲਾਰਿਆਂ ਨੇ ਸਰੀ ਦੇ ਮੌਜੂਦਾ ਹਾਲਾਤ, ਸ਼ਹਿਰ ਦੇ ਭਵਿੱਖੀ ਵਿਕਾਸ, ਟੈਕਸਾਂ, ਸੁਰੱਖਿਆ, ਸੜਕਾਂ ਅਤੇ ਬੁਨਿਆਦੀ ਢਾਂਚੇ, ਕਾਰੋਬਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸਥਾਨਕ ਸਰਕਾਰ ਦੀ ਜਵਾਬਦੇਹੀ ਵਰਗੇ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਮੀਦਵਾਰਾਂ ਨੇ ਕਿਹਾ ਕਿ ਤੇਜ਼ੀ ਨਾਲ ਵਧ ਰਹੇ ਸਰੀ ਨੂੰ ਅਜਿਹੇ ਪ੍ਰਸ਼ਾਸਨ ਦੀ ਲੋੜ ਹੈ ਜੋ ਲੋਕਾਂ ਦੀਆਂ ਰੋਜ਼ਾਨਾ ਸਮੱਸਿਆਵਾਂ ਨੂੰ ਸਮਝਣ ਦੇ ਨਾਲ-ਨਾਲ ਟੈਕਸਦਾਤਿਆਂ ਦੇ ਪੈਸੇ ਦੀ ਵਰਤੋਂ ਲਈ ਵੀ ਜਵਾਬਦੇਹ ਹੋਵੇ।

ਮੇਅਰ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਆਪਣੇ ਸੰਬੋਧਨ ਵਿੱਚ ਟੈਕਸਾਂ, ਸੁਰੱਖਿਆ ਅਤੇ ਲੋਕਾਂ ਨੂੰ ਬਿਹਤਰ ਨਗਰ ਸਹੂਲਤਾਂ ਦੇਣ ਨੂੰ ਆਪਣੀ ਮੁਹਿੰਮ ਦੀਆਂ ਮੁੱਖ ਤਰਜੀਹਾਂ ਦੱਸਿਆ। ਉਨ੍ਹਾਂ ਕਿਹਾ ਕਿ ਸਰੀ ਦੇ ਲੋਕ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਟੈਕਸ ਦਿੰਦੇ ਹਨ ਅਤੇ ਉਨ੍ਹਾਂ ਦੇ ਪੈਸੇ ਨੂੰ ਸ਼ਹਿਰ ਦੀਆਂ ਅਸਲ ਲੋੜਾਂ 'ਤੇ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਖਰਚ ਕਰਨਾ ਸਿਟੀ ਹਾਲ ਦੀ ਜ਼ਿੰਮੇਵਾਰੀ ਹੈ। ਰੰਦਾਵਾ ਦੀ ਚੋਣ ਮੁਹਿੰਮ ਵੱਲੋਂ ਵੀ 'ਸੁਰੱਖਿਅਤ ਸਰੀ, ਘੱਟ ਟੈਕਸ ਅਤੇ ਮਜ਼ਬੂਤ ਸਰੀ' ਨੂੰ ਮੁੱਖ ਸੁਨੇਹੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਸ. ਰੰਧਾਵਾ ਨੇ ਆਪਣੇ ਸੰਬੋਧਨ ਵਿੱਚ ਸਰੀ ਦੀ ਮੌਜੂਦਾ ਸਿਆਸੀ ਵਿਵਸਥਾ 'ਤੇ ਵੀ ਸਵਾਲ ਉਠਾਏ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਲਗਭਗ ਦੋ-ਤਿੰਨ ਦਹਾਕਿਆਂ ਤੋਂ ਕੁਝ ਲੋਕ ਹੀ ਸਰੀ ਦੀ ਸਿਟੀ ਸਰਕਾਰ ਵਿੱਚ ਵੱਖ-ਵੱਖ ਰੂਪਾਂ ਵਿੱਚ ਪ੍ਰਭਾਵਸ਼ਾਲੀ ਰਹੇ ਹਨ ਅਤੇ ਹੁਣ ਵੋਟਰਾਂ ਨੂੰ ਇਹ ਵੀ ਸਵਾਲ ਕਰਨਾ ਚਾਹੀਦਾ ਹੈ ਕਿ ਇਸ ਲੰਬੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਸ਼ਹਿਰ ਅਤੇ ਲੋਕਾਂ ਲਈ ਕੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੁਰਾਣੀ ਸਿਆਸੀ ਪਕੜ ਤੋਂ ਅੱਗੇ ਵਧਦਿਆਂ ਨਵੀਂ ਟੀਮ ਨੂੰ ਮੌਕਾ ਦਿੱਤਾ ਜਾਵੇ, ਜੋ ਸਰੀ ਦੇ ਵਸਨੀਕਾਂ ਦੀਆਂ ਲੋੜਾਂ ਅਤੇ ਸ਼ਹਿਰ ਦੇ ਵਿਕਾਸ ਨੂੰ ਆਪਣੀ ਤਰਜੀਹ ਬਣਾਏ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਤਰੱਕੀ ਸਿਰਫ਼ ਨਵੀਆਂ ਇਮਾਰਤਾਂ ਅਤੇ ਵੱਡੇ ਪ੍ਰਾਜੈਕਟਾਂ ਨਾਲ ਨਹੀਂ ਮਾਪੀ ਜਾ ਸਕਦੀ, ਸਗੋਂ ਲੋਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਮਿਲਣ ਵਾਲੀਆਂ ਸਹੂਲਤਾਂ, ਸੜਕਾਂ ਦੀ ਹਾਲਤ, ਆਵਾਜਾਈ, ਸੁਰੱਖਿਆ, ਕਾਰੋਬਾਰ ਲਈ ਸੁਖਾਵਾਂ ਮਾਹੌਲ ਅਤੇ ਜਨਤਕ ਥਾਵਾਂ ਦੀ ਸਹੀ ਸੰਭਾਲ ਵੀ ਸ਼ਹਿਰ ਦੇ ਵਿਕਾਸ ਦਾ ਅਹਿਮ ਹਿੱਸਾ ਹਨ। ਉਨ੍ਹਾਂ ਸਥਾਨਕ ਸਰਕਾਰ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਉਣ ਅਤੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣ 'ਤੇ ਜ਼ੋਰ ਦਿੱਤਾ।

ਸਰੀ ਵਿੱਚ ਹਿੰਸਾ ਅਤੇ ਲੁੱਟਖੋਹ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਸ. ਰੰਧਾਵਾ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਘਰਾਂ, ਕਾਰੋਬਾਰਾਂ ਅਤੇ ਜਨਤਕ ਥਾਵਾਂ 'ਤੇ ਸੁਰੱਖਿਅਤ ਮਹਿਸੂਸ ਕਰਵਾਉਣਾ ਮਹੱਤਵਪੂਰਨ ਹੈ। ਉਨ੍ਹਾਂ ਕਾਰੋਬਾਰੀਆਂ ਅਤੇ ਬਿਲਡਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਸਥਾਨਕ ਸਰਕਾਰ ਨੂੰ ਕਾਰੋਬਾਰੀ ਭਾਈਚਾਰੇ ਨਾਲ ਬਿਹਤਰ ਤਾਲਮੇਲ ਬਣਾਉਣ ਦੀ ਲੋੜ ਹੈ। ਬਜ਼ੁਰਗਾਂ ਲਈ ਜਨਤਕ ਥਾਵਾਂ 'ਤੇ ਬੁਨਿਆਦੀ ਸਹੂਲਤਾਂ, ਇੱਥੋਂ ਤੱਕ ਕਿ ਪਖਾਨਿਆਂ ਵਰਗੀਆਂ ਸਹੂਲਤਾਂ, ਉਪਲਬਧ ਕਰਵਾਉਣ ਦੀ ਗੱਲ ਵੀ ਉਨ੍ਹਾਂ ਕੀਤੀ।

ਰੈਲੀ ਨੂੰ ਕੌਂਸਲ ਉਮੀਦਵਾਰ ਹਰਕੀਰਤ ਸਿੱਧੂ, ਰਿੱਕੀ ਬਾਜਵਾ, ਕੋਡਰ ਪੁਲਰ, ਮਨੂ ਸ਼ਰਮਾ, ਮੇਹਨਾਜ ਜਾਵੇਦ, ਕੈਲਵਿਨ ਵੈਂਡਰਪਲੋਗ, ਡੋਨਾ ਹੂ ਅਤੇ ਡੈਨ ਬੀ. ਕਾਰਲੋਜ਼ ਨੇ ਵੀ ਸੰਬੋਧਨ ਕੀਤਾ। ਇਹਨਾਂ ਉਮੀਦਵਾਰਾਂ ਨੇ ਆਪਣੇ-ਆਪਣੇ ਹਲਕਿਆਂ ਅਤੇ ਸ਼ਹਿਰ ਨਾਲ ਜੁੜੇ ਮੁੱਦਿਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਸਰੀ ਦੇ ਤੇਜ਼ੀ ਨਾਲ ਹੋ ਰਹੇ ਵਿਸਥਾਰ ਦੇ ਮੱਦੇਨਜ਼ਰ ਆਉਣ ਵਾਲੇ ਸਮੇਂ ਵਿੱਚ ਯੋਜਨਾਬੱਧ ਵਿਕਾਸ, ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਸੁਰੱਖਿਆ ਅਤੇ ਟੈਕਸਦਾਤਿਆਂ ਦੇ ਪੈਸੇ ਦੀ ਜਵਾਬਦੇਹ ਵਰਤੋਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

## ਮਰਹੂਮ ਸ਼ਾਇਰ ਸੁਖਬੀਰ ਸਿੰਘ ਸੰਧੂ ਦੀ ਕਾਵਿ ਕਿਤਾਬ "ਪਾਇਲ" (ਸੱਰੀ)ਕੈਨੇਡਾ 'ਚ ਲੋਕ ਅਰਪਣ

### ਸਰੀ 'ਚ 'ਰੇਡੀਓ ਇੰਡੀਆ' ਵੱਲੋਂ ਮਾਣਮੱਤਾ ਸਮਾਗਮ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 6 ਅਕਤੂਬਰ : ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਸਾਊਥ ਏਸ਼ੀਅਨ ਪਰਵਾਸੀ ਭਾਈਚਾਰੇ ਦੇ ਹੱਕਾਂ ਹਿਤਾਂ ਦੀ ਤਰਜ਼ਮਾਨੀ ਕਰਦੇ ਆ ਰਹੇ ਮਨਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਸਰਗਰਮ ਨਾਮਵਰ ਮੀਡੀਆ ਅਦਾਰੇ 'ਰੇਡੀਓ ਇੰਡੀਆ' ਵੱਲੋਂ ਸਥਾਨਕ ਬੰਬੇ ਬੈਂਕੁਟ ਹਾਲ ਵਿਖੇ ਇੱਕ ਵਿਸ਼ਾਲ ਸਾਹਿੱਤਕ ਤੇ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ ਗਿਆ।
ਇਸ ਸਮਾਗਮ ਵਿਚ ਸਰੀ ਸਿਟੀ ਦੀ ਮੇਅਰ ਬ੍ਰੈਂਡਾ ਲੌਕ, ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਸੈਣੀ, ਸਾਬਕਾ ਮੈਂਬਰ ਪਾਰਲੀਮੈਂਟ ਗੁਰਮੰਤ ਸਿੰਘ ਗਰੇਵਾਲ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਮੰਤਰੀ ਡਾ. ਗੁਲਜ਼ਾਰ ਸਿੰਘ ਚੀਮਾ ਤੋਂ ਇਲਾਵਾ ਸ਼ਹਿਰ ਦੀਆਂ ਨਾਮੀ ਸਾਹਿੱਤਕ, ਸੱਭਿਆਚਾਰਕ ਤੇ ਸਮਾਜਿਕ ਸਖਸ਼ੀਅਤਾਂ, ਸਿੱਖ ਸੁਸਾਇਟੀਆਂ, ਵੱਖ ਵੱਖ ਗੁਰਦੁਆਰਾ ਸਾਹਿਬਾਨ ਤੇ ਮੰਦਰਾਂ ਦੇ ਪ੍ਰਬੰਧਕ ਅਤੇ ਮੁਸਲਿਮ ਭਾਈਚਾਰੇ ਦੇ ਆਗੂਆਂ ਸਮੇਤ ਵੱਡੀ ਗਿਣਤੀ ਚ ਸ਼ਹਿਰੀ ਸ਼ਾਮਲ ਸਨ।



ਵਿਸ਼ਾਲ ਹਾਜ਼ਰੀ ਭਰੇ ਇਸ ਸਮਾਗਮ ਦੇ ਮੰਚ ਤੋਂ ਸਾਰੀਆਂ ਮਾਨਯੋਗ ਸਖਸ਼ੀਅਤਾਂ ਨੇ੍ਹ ਸਾਂਝੇ ਰੂਪ ਵਿਚ ਨਾਮਵਰ ਸ਼ਾਇਰ ਤੇ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਮਰਹੂਮ ਸ਼ਾਇਰ ਸੁਖਬੀਰ ਸਿੰਘ ਸੰਧੂ ਦੀਆਂ ਅਲੋਪ ਹੋਈਆਂ ਰਚਨਾਵਾਂ ਦੇ ਸੰਗ੍ਰਹਿ "ਪਾਇਲ"ਨੂੰ 53 ਵਰ੍ਹਿਆਂ ਬਾਅਦ ਮੁੜ ਸੰਪਾਦਿਤ ਕੀਤੀ ਕਿਤਾਬ ਨੂੰ ਲੋਕ ਅਰਪਣ ਕੀਤਾ ਗਿਆ। ਇਸ ਕਿਤਾਬ ਨੂੰ ਸੁਖਬੀਰ ਸਿੰਘ ਸੰਧੂ ਪਰਿਵਾਰ ਤੇ ਕਰਨਲ ਜਸਬੀਰ ਭੁੱਲਰ ਦੇ ਸਹਿਯੋਗ ਨਾਲ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।
ਇਸ ਸੰਗ੍ਰਹਿ ਦੀ ਇੱਕ ਮਹੱਤਵਪੂਰਨ ਰਚਨਾ 'ਦੋ ਜਣੀਆਂ' ਨੂੰ ਉੱਘੇ ਲੋਕ ਗਾਇਕ ਤੇ ਕੈਨੇਡੀਅਨ ਕਾਰੋਬਾਰੀ ਸੁਰਜੀਤ ਸਿੰਘ ਮਾਧੋਪੁਰੀ ਨੇ ਆਪਣੀ ਸੁਰੀਲੀ ਆਵਾਜ਼ ਵਿਚ ਗਾਕੇ ਸੁਣਾਇਆ। ਸੁਰਜੀਤ ਮਾਧੋਪੁਰੀ ਨੇ ਦੱਸਿਆ ਕਿ ਪਿਛਲੀ ਪੰਜਾਬ ਫੇਰੀ ਦੌਰਾਨ ਮੈਂ ਇਹ ਗ਼ਜ਼ਲ ਰੀਕਾਰਡ ਕਰਵਾਈ ਪਰ ਇਸ ਦੇ ਮੂਲ ਲੇਖਕ ਦਾ ਇਹ ਕਿਤਾਬ ਪ੍ਰਾਪਤ ਕਰਕੇ ਪਤਾ ਲੱਗਾ ਹੈ।
ਇਸ ਮੌਕੇ ਰੇਡੀਓ ਦੇ ਮੈਨਜਿੰਗ ਡਾਇਰੈਕਟਰ ਮਨਿੰਦਰ ਸਿੰਘ ਗਿੱਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨੁਸਰਤ ਫ਼ਤਹਿ ਅਲੀ ਖਾਂ ਸਾਹਿਬ, ਮਰਾਤਬ ਅਲੀ, ਨਸੀਬੋ ਲਾਲ ਤੇ ਅਕਰਮ ਰਾਹੀ ਨੇ ਵੀ ਜਿਥੇ 1985 ਵਿੱਚ ਸੁਰਗਵਾਸ ਹੋਏ ਸ਼ਾਇਰ ਸੁਖਬੀਰ ਸਿੰਘ ਸੰਧੂ ਦੀ ਰਚਨਾ " ਉਸ ਬੇਵਫ਼ਾ ਦੀ ਯਾਦ ਵਿੱਚ ਰੋਇਆ ਕਰਾਂ ਕਿ ਨਾ"ਗਾਇਆ ਹੈ ਉੱਥੇ ਭਾਰਤੀ ਪੰਜਾਬ ਵਿੱਚ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਇਸ ਰਚਨਾ ਦਾ ਮਹਾਨ ਕਵੀ ਕੌਣ ਹੈ?
ਉਨ੍ਹਾਂ ਕਿਤਾਬ ਦੇ ਸੰਪਾਦਕ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਪੰਜਾਬੀ ਸਾਹਿਤ ਅਤੇ ਪੰਜਾਬੀ ਬੋਲੀ ਨੂੰ ਦਿੱਤੀ ਦੇਣ ਦਾ ਭਾਵਪੂਰਤ ਸ਼ਬਦਾਂ ਨਾਲ ਉਲੇਖ ਕੀਤਾ।
ਸਮਾਗਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਾਮਵਰ ਬੈਰਿਸਟਰ ਤੇ ਸੋਲਿਸਟਰ ਲਵਲੀਨ ਸਿੰਘ ਗਿੱਲ ਨੇ ਬਾਖ਼ੂਬੀ ਨਿਭਾਈ।
ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਪਲਵਿੰਦਰ ਸਿੰਘ ਰੰਧਾਵਾ, ਦਰਸ਼ਨ ਸਿੰਘ ਸੰਘਾ, ਬਿੱਕਰ ਸਿੰਘ ਖੋਸਾ, ਜਸਵੀਰ ਸਿੰਘ ਭਲੂਰੀਆ, ਇੰਦਰਪਾਲ ਸਿੰਘ ਸੰਧੂ ਅਤੇ ਐਡਵੋਕੇਟ ਸੰਘਾ ਤੋਂ ਇਲਾਵਾ ਸ਼ੱਬਾ ਹੁੰਦਲ, ਬੂਟਾ ਸਿੰਘ ਢਿੱਲੋਂ, ਬਲਬੀਰ ਸਿੰਘ ਪੱਡਾ, ਬਲਬੀਰ ਸਿੰਘ ਬੋਪਾਰਾਏ, ਰਣਜੀਤ ਸਿੰਘ ਵਾਲੀਆ ਅਤੇ ਵੱਡੀ ਗਿਣਤੀ ਵਿੱਚ ਮੀਡੀਆ ਨਾਲ ਸਬੰਧਿਤ ਸ਼ਖਸ਼ੀਅਤਾਂ ਵੀ ਹਾਜ਼ਰ ਸਨ।

"ਰੇਡੀਓ ਇੰਡੀਆ" ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਸਿੰਘ ਗਿੱਲ ਵੱਲੋਂ "ਪਾਇਲ" ਗ਼ਜ਼ਲ ਸੰਗ੍ਰਹਿ ਦੀਆਂ 200 ਕਾਪੀਆਂ ਪੰਜਾਬ ਤੋਂ ਮੰਗਵਾ ਕੇ ਪੰਜਾਬੀ ਪਾਠਕਾਂ ਤੀਕ ਪਹੁੰਚਾਉਣ ਲਈ ਕਿਤਾਬ ਦੇ ਸੰਪਾਦਕ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਧੰਨਵਾਦ ਕੀਤਾ ਹੈ।

## ਖੇਡਾਂ ਵਤਨ ਪੰਜਾਬ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਦੇ ਦਿਲਚਸਪ ਰਹੇ ਮੁਕਾਬਲੇ

### ਹਾਕੀ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਵਾਲੀਬਾਲ, ਸਾਫਟਬਾਲ, ਨੈੱਟਬਾਲ, ਬਾਸਕਟਬਾਲ, ਪਾਵਰ ਲਿਫਟਿੰਗ, ਕੁਸ਼ਤੀ, ਬਾਕਸਿੰਗ, ਸ਼ੂਟਿੰਗ, ਜੂਡੋ ਅਤੇ ਫੈਂਸਿੰਗ ਦੇ ਹੋਏ ਮੁਕਾਬਲੇ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 6 ਅਕਤੂਬਰ : ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਚੌਥੇ ਸੀਜ਼ਨ ਤਹਿਤ ਜ਼ਿਲ੍ਹਾ ਪੱਧਰੀ ਖੇਡਾਂ ਦੇ ਅੱਜ ਮੁਕਾਬਲੇ ਬਹੁਤ ਦਿਲਚਸਪ ਰਹੇ। ਇਨ੍ਹਾਂ ਖੇਡਾਂ ਵਿੱਚ ਹਾਕੀ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਵਾਲੀਬਾਲ ਸਮੈਸ਼ਿੰਗ, ਸਾਫਟਬਾਲ, ਨੈੱਟਬਾਲ, ਬਾਸਕਟਬਾਲ, ਪਾਵਰ ਲਿਫਟਿੰਗ, ਕੁਸ਼ਤੀ, ਬਾਕਸਿੰਗ, ਸ਼ੂਟਿੰਗ, ਜੂਡੋ ਅਤੇ ਫੈਂਸਿੰਗ ਖੇਡਾਂ ਵੱਖ-ਵੱਖ ਉਮਰ ਵਰਗਾ ਵਿੱਚ ਅਤੇ ਵੱਖ-ਵੱਖ ਸਥਾਨਾਂ 'ਤੇ ਕਰਵਾਈਆਂ ਗਈਆਂ।

ਜ਼ਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਇੰਟਰਨੈਸ਼ਨਲ ਹਾਕੀ ਪਲੇਅਰ ਹਰਿੰਦਰ ਸਿੰਘ ਗਰੇਵਾਲ ਅਤੇ ਕਰਮਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਖਿਡਾਰੀਆਂ ਦਾ ਹੌਸਲਾ ਵਧਾਇਆ।




ਖੇਡ ਕੱਬਡੀ ਨੈਸ਼ਨਲ ਸਟਾਇਲ ਅੰਡਰ 17 ਲੜਕਿਆਂ ਵਿੱਚ ਪਟਿਆਲਾ ਦਿਹਾਤੀ ਨੇ ਪਹਿਲਾ ਸਥਾਨ ਹਾਸਲ ਕੀਤਾ। ਘਨੌਰ ਏ ਨੇ ਦੂਜਾ ਸਥਾਨ ਅਤੇ ਨਾਭਾ ਬੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਅੰਡਰ 14 ਵਿੱਚ ਨਾਭਾ ਬੀ ਦੀ ਟੀਮ ਨੇ ਪਹਿਲਾ ਸਥਾਨ, ਨਾਭਾ ਏ ਦੀ ਟੀਮ ਨੇ ਦੂਜਾ ਅਤੇ ਪਟਿਆਲਾ ਦਿਹਾਤੀ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਜਿੱਤ ਪ੍ਰਾਪਤ ਕੀਤੀ।ਅੰਡਰ 21-30 ਉਮਰ ਵਰਗ ਲੜਕੀਆਂ ਦੀ ਟੀਮ ਰਾਜਪੁਰਾ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਜੇਤੂ ਰਹੀ।

ਖੇਡ ਵਾਲੀਬਾਲ ਸਮੈਸਿੰਗ ਅੰਡਰ 14 ਉਮਰ ਵਰਗ ਲੜਕਿਆਂ ਵਿੱਚ ਹੋਏ ਮੁਕਾਬਲਿਆਂ ਵਿੱਚ ਘਨੌਰ ਦੀ ਟੀਮ ਨੇ ਪਹਿਲਾ ਸਥਾਨ, ਭੁਨਰਹੇੜੀ ਟੀਮ ਨੇ ਦੂਜਾ ਸਥਾਨ ਅਤੇ ਨਾਭਾ ਏ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 17 ਉਮਰ ਵਰਗ ਵਿੱਚ ਪਟਿਆਲਾ ਅਰਬਨ ਏ ਲੜਕਿਆਂ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਜੇਤੂ ਰਹੀ, ਇਸੇ ਤਰ੍ਹਾਂ ਰਾਜਪੁਰਾ ਦੀ ਟੀਮ ਨੇ ਦੂਜਾ ਅਤੇ ਭੁਨਰਹੇੜੀ ਦੀ ਟੀਮ ਨੇ ਤੀਜ਼ਾ ਸਥਾਨ ਹਾਸਿਲ ਕੀਤਾ।21-30 ਉਮਰ ਵਰਗ ਵਿੱਚ ਲੜਕਿਆਂ ਦੀ ਟੀਮ ਘਨੌਰ ਨੇ ਪਹਿਲਾ ਸਥਾਨ, ਸਮਾਣਾ ਦੀ ਟੀਮ ਨੇ ਦੂਜਾ ਸਥਾਨ ਅਤੇ ਭੁਨਰਹੇੜੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਖੇਡ ਖੋਹ ਖੋਹ ਅੰਡਰ 14 ਲੜਕਿਆਂ ਵਿੱਚ ਪਾਤੜਾਂ ਦੀ ਟੀਮ ਨੇ ਪਹਿਲਾ ਸਥਾਨ, ਪਟਿਆਲਾ ਦਿਹਾਤੀ ਨੇ ਦੂਜਾ, ਸਨੌਰ ਅਤੇ ਘਨੌਰ ਦੀਆਂ ਟੀਮਾਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਅੰਡਰ 14 ਲੜਕੀਆਂ ਵਿੱਚ ਪਟਿਆਲਾ ਸਹੀਰੀ ਨੇ ਪਹਿਲਾ ਸਥਾਨ, ਪਾਤੜਾਂ ਦੀ ਟੀਮ ਨੇ ਦੂਜਾ ਸਥਾਨ, ਘਨੌਰ ਅਤੇ ਪਟਿਆਲਾ ਦਿਹਾਤੀ ਦੀਆਂ ਟੀਮਾਂ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 17 ਉਮਰ ਵਰਗ ਲੜਕਿਆਂ ਅਤੇ ਲੜਕੀਆਂ ਵਿੱਚ ਪਟਿਆਲਾ ਸ਼ਹਿਰੀ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਤ ਪ੍ਰਾਪਤ ਕੀਤੀ, ਪਾਤੜਾਂ ਨੇ ਦੂਜਾ ਅਤੇ ਘਨੌਰ ਤੇ ਸਨੌਰ ਦੀਆਂ ਟੀਮਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਲੜਕੀਆਂ ਅੰਡਰ 17 ਉਮਰ ਵਰਗ ਵਿੱਚ ਘਨੌਰ ਨੇ ਦੂਜਾ, ਪਾਤੜਾਂ ਅਤੇ ਸਮਾਣਾ ਦੀਆਂ ਟੀਮਾ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 21 ਲੜਕਿਆਂ ਦੀ ਟੀਮ ਵਿੱਚ ਪਟਿਆਲਾ ਸ਼ਹਿਰੀ ਨੇ ਮੱਲਾ ਮਾਰੀਆਂ, ਸਨੌਰ ਦੀ ਟੀਮ ਨੇ ਦੂਜਾ, ਪਾਤੜਾਂ ਅਤੇ ਘਨੌਰ ਦੀਆਂ ਟੀਮਾਂ ਨੇ ਤੀਜੀ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ। ਅੰਡਰ 21 ਲੜਕੀਆਂ ਵਿੱਚ ਘਨੌਰ ਦੀ ਟੀਮ ਨੇ ਪਹਿਲਾ, ਪਟਿਆਲਾ ਸ਼ਹਿਰੀ ਨੇ ਦੂਜਾ, ਪਾਤੜਾਂ ਅਤੇ ਘਨੌਰ ਯੂਨੀਵਰਸਿਟੀ ਕਾਲਜ ਦੀ ਟੀਮ ਨੇ ਤੀਜਾ ਸਥਾਨ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ।

ਬਾਸਕਟਬਾਲ ਖੇਡ ਉਮਰ ਵਰਗ 21-30 ਲੜਕਿਆਂ ਦੇ ਹੋਏ ਖੇਡ ਮੁਕਾਬਲੇ ਵਿੱਚ ਸਮਾਣਾ ਦੀ ਟੀਮ ਨੇ ਨਾਭਾ ਦੀ ਟੀਮ ਨੂੰ 70-45 ਦੇ ਸਕੋਰ ਨਾਲ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸੇ ਤਰ੍ਹਾਂ ਪੋਲੋ ਗਰਾਊਂਡ ਕੋਚਿੰਗ ਸੈਂਟਰ ਦੇ ਖਿਡਾਰੀਆਂ ਨੇ ਸੰਡੇ ਲੜਕਿਆਂ ਦੀ ਟੀਮ ਨੂੰ 41-19 ਦੇ ਸਕੋਰ ਦੇ ਫਰਕ ਨਾਲ ਹਰਾਇਆ।

ਗੇਮ ਹਾਕੀ ਅੰਡਰ 21 ਉਮਰ ਵਰਗ ਮੁੰਡਿਆਂ ਦੀ ਟੀਮ ਵਿੱਚ ਹੋਏ ਮੈਚਾਂ ਵਿੱਚ ਪੋਲੋ ਗਰਾਊਂਡ ਪਟਿਆਲਾ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਰਾਜਪੁਰਾ ਦੀ ਟੀਮ ਨੇ ਦੂਜਾ ਅਤੇ ਪਾਤੜਾਂ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਜਿੱਤ ਪ੍ਰਾਪਤ ਕੀਤੀ। 21-30 ਉਮਰ ਵਰਗ ਲੜਕਿਆਂ ਦੇ ਮੁਕਾਬਲਿਆਂ ਵਿੱਚ ਪੋਲੋ ਗਰਾਊਂਡ ਪਟਿਆਲਾ ਨੇ ਪਹਿਲਾ ਅਤੇ ਪਾਤੜਾ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

## ਮਿੱਤਰ ਮੋਏ ਨਹੀਂ ਭੁੱਲਦੇ

19-20 ਅਕਤੂਬਰ 1994 ਦਾ ਪ੍ਰੋ. ਮੋਹਨ ਸਿੰਘ ਮੇਲਾ ਪੱਖੋਵਾਲ ਰੋਡ ਸਥਿਤ ਪਾਲਮ ਵਿਹਾਰ ਵਿੱਚ ਹੋਇਆ ਸੀ ਦਾਦ ਪਿੰਡ ਸਾਹਮਣੇ। ਉਸ ਮੇਲੇ ਤੇ ਮੰਚ ਉੱਪਰ ਸਿਰਕੱਢ ਲੋਕ ਗਾਇਕ ਸੁਰਿੰਦਰ ਛਿੰਦਾ ਜਿੱਥੇ ਬੈਠਾ ਹੈ ਉਸ ਹੇਠ ਇੱਕ ਲੱਤ ਸ਼ਮਸ਼ੇਰ ਸਿੰਘ ਸੰਧੂ ਦੀ ਹੈ ਤੇ ਦੂਸਰੀ ਮੇਰੀ। ਮੇਰੀ ਦੂਸਰੀ ਲੱਤ ਨਾਲ ਨਿਰਮਲ ਜੌੜਾ ਹੈ।



ਤੇਤੀ ਸਾਲ ਪੁਰਾਣੀ ਤਸਵੀਰ ਕੱਲ੍ਹ ਰਾਤੀਂ ਸ਼ਮਸ਼ੇਰ ਨੇ ਮੈਨੂੰ ਭੇਜੀ ਹੈ। ਉਦੋਂ ਮੈ 40 ਸਾਲ ਦਾ ਸਾਂ ਲਗਪਗ ਤੇ ਛਿੰਦਾ ਮੈਥੋਂ ਅਠਾਰਾਂ ਦਿਨ ਨਿੱਕਾ। ਉਸ ਦਾ ਵਿਛੋੜਾ ਰੂਹ ਤੜਫਾ ਜਾਂਦਾ ਹੈ।

ਇਹੋ ਜਹੇ ਪਲਾਂ ਵਿੱਚ ਵਿੱਛੜੇ ਸੱਜਣ ਬਹੁਤ ਯਾਦ ਆਉਂਦੇ ਨੇ। ਮਿੱਤਰਾਂ ਦੇ ਵਿਛੋੜੇ ਤੇ ਲਿਖੀ ਇਹ ਗ਼ਜ਼ਲ ਮੈਂ ਆਪਣੀ ਕਿਤਾਬ "ਜ਼ੇਵਰ" ਵਿੱਚੋਂ ਤੁਹਾਨੂੰ ਭੇਂਟ ਕਰ ਰਿਹਾਂ।

ਗ਼ਜ਼ਲ

ਵਰਲਡ ਪੰਜਾਬੀ ਟ੍ਰਾਈਮਜ਼
ਗੁਰਭਜਨ ਗਿੱਲ

ਵਕਤ ਮੇਰੇ ਨਾਲ ਟਿਚਕਰ ਕਿਸ ਤਰ੍ਹਾਂ ਦੀ ਕਰ ਗਿਆ।
ਜਾਨ ਤੋਂ ਵਧ ਸੀ ਪਿਆਰਾ, ਸਾਥ ਓਹੀ ਮਰ ਗਿਆ।

ਦੇ ਗਿਆ ਉਹ ਜਾਣ ਵੇਲੇ ਪੋਟਲੀ ਪੀੜਾਂ ਸੁਗਾਤ,
ਦੇ ਗਿਆ ਕੈਸੀ ਨਿਸ਼ਾਨੀ, ਰੂਹ ਬਗੀਚੀ ਚਰ ਗਿਆ।

ਇੱਕ ਮੁੱਦਤ ਬਾਦ ਜਦ ਹੋਇਆ ਮੈਂ ਸ਼ੀਸ਼ੇ ਰੂ ਬ ਰੂ,
ਕਿੰਜ ਦੱਸਾਂ, ਆਪਣੇ ਚਿਹਰੇ ਤੋਂ ਕਿੰਨਾ ਡਰ ਗਿਆ।

ਯਾਦ ਉਹਦੀ ਬਣ ਦੋਮੂੰਹੀਂ, ਡੰਗਦੀ ਹੈ ਬਾਰ ਬਾਰ,
ਸਿਤਮ ਤੇਰਾ, ਸਿਦਕ ਮੇਰਾ ਵੇਖ ਕਿੱਦਾਂ ਜਰ ਗਿਆ।

ਟਸਕਦੀ ਹੈ ਪੀੜ ਹਾਲੇ ਜਾਂਦਿਆਂ ਜੋ ਦੇ ਗਿਉਂ,
ਵੇਖ ਲੈ ਤੂੰ, ਓਹੀ ਛਾਲਾ, ਫੇਰ ਪੂਰਾ ਭਰ ਗਿਆ।

ਇਹ ਜਨਮ ਤੇਰੇ ਹਵਾਲੇ, ਹੋਰ ਦੀ ਹੁਣ ਲੋੜ ਨਹੀਂ,
ਕਿਸ਼ਤ ਇੱਕੋ ਤਾਰ ਕੇ, ਥੋੜੇ 'ਚ ਮੇਰਾ ਸਰ ਗਿਆ।

ਯਾਦ ਤੈਨੂੰ ਕਰ ਲਿਆ ਤਾਂ ਪਰਤ ਕੇ ਆਈ ਬਹਾਰ,
ਸੁੰਨੀਆਂ ਟਾਹਣਾਂ ਤੇ ਮੌਸਮ ਸਬਜ਼ ਪੱਤੇ ਧਰ ਗਿਆ।

## 6 ਅਕਤੂਬਰ ਦੇ ਅੰਕ ਵਿੱਚ ਪ੍ਰਕਾਸ਼ਨ ਹਿਤ

### ਸਾਰੀ ਉਮਰ ਕਿਰਤ ਨੂੰ ਸਮਰਪਿਤ ਭਜਨੀਕ ਮਾਤਾ ਸੀ ਸਰਦਾਰਨੀ ਗੁਰਦੇਵ ਕੌਰ

ਵਰਲਡ ਪੰਜਾਬੀ ਟ੍ਰਾਈਮਜ਼
ਗੁਰਭਜਨ ਗਿੱਲ



ਕਿਰਤ ਸੱਭਿਆਚਾਰ ਨੂੰ ਸਮਰਪਿਤ ਭਜਨੀਕ ਮਾਤਾ ਸੀ ਸਰਦਾਰਨੀ ਗੁਰਦੇਵ ਕੌਰ ਗਰੇਵਾਲ। ਪੱਖੋਵਾਲ ਰੋਡ ਲੁਧਿਆਣਾ ਸਥਿਤ ਪਿੰਡ ਦਾਦ ਵਿੱਚ ਜੂਨ 1949 ਨੂੰ ਸ. ਮਹਿੰਦਰ ਸਿੰਘ ਗਰੇਵਾਲ ਨਾਲ ਮਾਤਾ ਗੁਰਦੇਵ ਕੌਰ ਵਿਆਹੀ ਗਈ। ਚੰਡੀਗੜ੍ਹ ਰੋਡ ਤੇ ਕੋਹਾੜੇ ਦੀ ਵੱਖੀ ਵਿੱਚ ਪੈਂਦੇ ਪਿੰਡ "ਚੱਕ ਸਰਵਣ ਨਾਥ" ਵਿੱਚ ਮਾਤਾ ਜੀ ਦੇ ਪੇਕੇ ਸਨ ਤੇ ਪਾਇਲ ਨੇੜੇ ਪਿੰਡ ਮਾਜਰੀ ਵਿੱਚ ਨਾਨਕੇ। ਮਾਤਾ ਜੀ ਦੇ ਨਾਨਕੇ ਦਾਦਕੇ ਪਰਿਵਾਰ ਵਿੱਚ ਚੰਗੀ ਸੁਚੱਜੀ ਅਗਾਂਹਵਧੂ ਖੇਤੀ ਦਾ ਮਾਹੌਲ ਸੀ। ਕਿਰਤ ਦਾ ਸਤਿਕਾਰ ਤੇ ਸਹਿਚਾਰ ਦਾ ਸਬਕ ਤਾਂ ਉਹ ਪੇਕਿਆਂ ਤੋਂ ਦਾਜ ਵਿੱਚ ਹੀ ਲੈ ਕੇ ਆਈ ਸੀ। ਇਹੀ ਸਬਕ ਉਸਨੇ ਤਿੰਨਾਂ ਪੁੱਤਰਾਂ ਤੇ ਇੱਕ ਧੀ ਨੂੰ ਵੀ ਦਿੱਤਾ। ਮੂੰਹੋਂ ਬੋਲ ਕੇ ਨਹੀਂ, ਅਣਬੋਲਿਆ ਸਬਕ ਸੀ ਕਿ ਕਿਸੇ ਵੀ ਕਾਮੇ ਨੂੰ ਹੀਣ ਭਾਵਨਾ ਨਾਲ ਨਾ ਵੇਖੋ। ਗੁਰੂ ਆਸ਼ੇ ਅਨੁਸਾਰ ਉਸ ਸਾਰਾ ਜੀਵਨ ਜੀਵਿਆ। ਪ੍ਰਭਾਤ ਵੇਲੇ ਉੱਠਦੀ, ਨਿੱਤਨੇਮ ਕਰਦਿਆਂ ਹੀ ਉਹ ਕਿੰਨੇ ਕੰਮ ਨਾਲੋ ਨਾਲ ਕਰ ਲੈਂਦੀ। ਉਸ ਦੀ ਰਸਨਾ ਤੇ ਹਰ ਵੇਲੇ ਵਾਹਿਗੁਰੂ ਨਾਮ ਚੱਲਦਾ। ਹਰ ਮੁਸ਼ਕਿਲ ਤੋਂ ਮੁਸ਼ਕਿਲ ਸਮੇਂ ਵਿੱਚ ਵੀ ਮਾਤਾ ਕਦੇ ਨਾ ਡੋਲੀ।

ਘਰ ਵਿੱਚ ਖੇਤੀ ਦਾ ਵੱਡਾ ਖਿਲਾਰਾ ਸੀ। ਕਈ ਵਾਰ ਪੰਦਰਾਂ ਪੰਦਰਾਂ ਕਾਮੇ ਖੇਤ ਵਿੱਚ ਕੰਮ ਲੱਗੇ ਹੁੰਦੇ ਤਾਂ ਸਭਨਾਂ ਲਈ ਉਹ ਇੱਕੋ ਜਿਹਾ ਰਸਵੰਤਾ ਲੰਗਰ ਤਿਆਰ ਕਰਕੇ ਆਪ ਪਰੋਸਦੀ।

ਮੇਰਾ ਪਿਛਲੇ ਪੰਜਾਹ ਸਾਲ ਤੋਂ ਇਸ ਗਰੇਵਾਲ ਪਰਿਵਾਰ ਨਾਲ ਵਾਹ ਵਾਸਤਾ ਹੈ। ਮਾਤਾ ਜੀ ਦੇ ਵੱਡੇ ਪੁੱਤਰ ਰਜਵੰਤ ਸਿੰਘ ਗਰੇਵਾਲ ਕਰਕੇ। ਉਹ ਮੇਰਾ 1971 ਵਿੱਚ ਗੁਜਰਾਂਵਾਲਾ ਗੁਰੂ ਨਾਨਕ ਖਾਲਜ ਵਿੱਚ ਸਹਿਪਾਠੀ ਹੋਣ ਕਰਕੇ ਮਿੱਤਰ ਬਣ ਗਿਆ। ਇਹ ਦੋਸਤੀ ਹੁਣ ਤੀਕ ਕਾਇਮ ਦਾਇਮ ਹੈ। ਅੱਗਿਓਂ ਸਾਡੇ ਬੱਚਿਆਂ ਦਾ ਵੀ ਭਰਾਵਾਂ ਵਰਗਾ ਸਨੇਹ ਹੈ।

ਮਾਤਾ ਜੀ ਗੁਰਦੇਵ ਕੌਰ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ। ਇੱਕ ਧੀ ਪਰਮਜੀਤ ਕੌਰ ਤੇ ਤਿੰਨ ਪੁੱਤਰ ਰਜਵੰਤ, ਰਾਮ ਸਿੰਘ ਤੇ ਰਣਜੀਤ ਸਿੰਘ। ਧੀ ਆਪਣੇ ਪਤੀ ਸ. ਅਵਤਾਰ ਸਿੰਘ ਸ਼ੇਰਗਿੱਲ ਤੇ ਪਰਿਵਾਰ ਨਾਲ ਸੱਰੀ(ਕੈਨੇਡਾ) ਵਿੱਚ ਰੰਗੀਂ ਵੱਸਦੀ ਹੈ ਜਦ ਕਿ ਤਿੰਨੇ ਪੁੱਤਰ ਰਜਵੰਤ ਸਿੰਘ ਗਰੇਵਾਲ, ਰਾਮ ਸਿੰਘ ਗਰੇਵਾਲ ਤੇ ਰਣਜੀਤ ਸਿੰਘ ਗਰੇਵਾਲ ਪੰਜਾਬ ਤੇ ਉੱਤਰ ਪ੍ਰਦੇਸ਼ ਵਿੱਚ ਖੇਤੀ ਤੋਂ ਇਲਾਵਾ ਕਈ ਵੱਡੇ ਵਪਾਰਕ ਕਾਰੋਬਾਰ ਕਰਦੇ ਹਨ।

ਮਾਤਾ ਜੀ ਨੇ ਸਾਰੀ ਉਮਰ ਪਿੰਡ ਦਾਦ ਵਿੱਚ ਹੀ ਰਿਹਾਇਸ਼ ਰੱਖੀ। ਉਨ੍ਹਾਂ ਨੂੰ ਪੁੱਤਰਾਂ ਨੇ ਬਹੁਤ ਵਾਰ ਬੇਨਤੀ ਕੀਤੀ ਕਿ ਸ਼ਹਿਰ ਆ ਜਾਉ ਪਰ ਮਾਤਾ ਜੀ ਦੀ ਸੁਰਤਿ ਪਿੰਡ ਵਿੱਚ ਹੀ ਰਹਿੰਦੀ ਸੀ। ਉਹ ਅਕਸਰ ਆਖਦੇ ਕਿ ਜਿਸ ਘਰ ਵਿੱਚ ਮੇਰੀ 1949 ਵਿੱਚ ਡੋਲੀ ਆਈ ਸੀ, ਅਰਥੀ ਵੀ ਏਥੋਂ ਹੀ ਉੱਠੇਗੀ। ਮਾਤਾ ਗੁਰਦੇਵ ਕੌਰ ਦੇ ਤਿੰਨੇ ਪੁੱਤਰ, ਨੂੰਹਾਂ, ਪੋਤਰੇ ਤੇ ਪੋਤ ਨੂੰਹਾਂ ਮਰਦੇ ਦਮ ਤੀਕ ਮਾਤਾ ਜੀ ਦੇ ਕਹਿਣੇ ਕਾਰ ਵਿੱਚ ਰਹੇ। ਸਵੇਰ ਦੀ ਚਾਹ ਸਾਰਾ ਪਰਿਵਾਰ ਪਿੰਡ ਜਾ ਕੇ ਇਕੱਠੇ ਪੀਂਦੇ। ਮਾਤਾ ਜੀ ਸਾਰੇ ਪੁੱਤਾਂ ਪੋਤਰਿਆਂ ਤੇ ਪੜਪੋਤਰਿਆਂ ਲਈ ਘਰ ਦਾ ਆਟਾ, ਦੁੱਧ ਤੇ ਦਾਲਾਂ ਪਿੰਡ ਤੋਂ ਲਗਾਤਾਰ ਸ਼ਹਿਰ ਭੇਜਦੇ ਰਹੇ।

ਗਿਆਰਾਂ ਸਾਲ ਪਹਿਲਾਂ ਜੀਵਨ ਸਾਥੀ ਸ. ਮਹਿੰਦਰ ਸਿੰਘ ਗਰੇਵਾਲ ਵਿੱਛੜੇ ਤਾ ਉਹ ਸਿਦਕੋਂ ਨਾ ਡੋਲੇ। ਬੱਚਿਆਂ ਨੂੰ ਮਾਂ ਤੇ ਬਾਪ ਬਣ ਕੇ ਅਗਵਾਈ ਦਿੱਤੀ। ਸਕੂਲਾਂ ਕਾਲਜਾਂ ਦੀ ਪੜ੍ਹਾਈ ਤੇ ਕਾਰੋਬਾਰ ਕਾਰਨ ਪਰਿਵਾਰ ਭਾਵੇਂ ਸ਼ਹਿਰ ਵਿੱਚ ਰਹਿੰਦਾ ਸੀ ਪਰ ਸਾਰੇ ਪੁੱਤ ਪੋਤਰੇ, ਪੜਪੋਤਰੇ ਸਵੇਰ ਦੀ ਚਾਹ ਮਾਤਾ ਜੀ ਨਾਲ ਹੀ ਪਿੰਢ ਆ ਕੇ ਪੀਂਦੇ। ਉਹ ਸਾਰੇ ਪਰਿਵਾਰ ਲਈ ਦੁੱਧ ਘਿਉ, ਆਟਾ ਤੇ ਦਾਲਾਂ ਪੰਡੋਂ ਹੀ ਭੇਜਦੇ। ਆਪਣੀ ਤੇ ਪਰਿਵਾਰ ਦੀ ਪੌਸ਼ਟਿਕ ਖੁਰਾਕ ਦਾ ਪੂਰਾ ਖਿਆਲ ਰੱਖਦੇ।

ਦੋ ਕੁ ਸਾਲ ਪਹਿਲਾਂ ਮਾਤਾ ਜੀ ਦਾ ਭਰ ਜੁਆਨ ਹੋਣਹਾਰ ਵੱਡਾ ਪੋਤਰਾ ਜਗਦੇਵ ਸਿੰਘ ਗਰੇਵਾਲ ਕਿਸੇ ਅਸਾਧ ਰੋਗ ਨਾਲ ਲੜਦਾ ਹੋਇਆ ਸਰੀਰ ਤਿਆਗ ਗਿਆ ਤਾਂ ਦਾਦੀ ਮਾਂ ਗੁਰਦੇਵ ਕੌਰ ਪੈਰੋਂ ਡੋਲਣ ਦੀ ਥਾਂ ਪਰਿਵਾਰ ਲਈ ਵੱਡੀ ਢਾਰਸ ਬਣੀ। ਰੋਜ਼ਾਨਾ ਨਿੱਤਨੇਮ ਦੀਆਂ ਬਾਣੀਆਂ ਪੜ੍ਹਨ ਉਪਰੰਤ ਉਹ ਜਗਦੇਵ ਨਮਿਤ ਵੀ ਗੁਰਬਾਣੀ ਪਾਠ ਪੜ੍ਹਦੇ। ਮਾਤਾ ਗੁਰਦੇਵ ਸਿੰਘ ਗਰੇਵਾਲ ਦੇ ਨਾਨਕੇ ਪਾਇਲ ਨੇੜੇ ਪਿੰਡ ਮਾਜਰੀ ਵਿੱਚ ਸਨ। ਉਹ ਸਾਰਾ ਨਾਨਕਾ ਟੱਬਰ ਚੰਗਾ ਪੜ੍ਹਿਆ ਲਿਖਿਆ ਤੇ ਸਮਰਥਾਵਾਨ ਹੈ। ਉਨ੍ਹਾਂ ਦੇ ਮਾਮਾ ਜੀ ਦਾ ਇੱਕ ਸਪੁੱਤਰ ਹਰਮਿੰਦਰ ਸਿੰਘ ਰਟੌਲ ਹਰਿਆਣਾ ਵਿੱਚ ਡੇਅਰੀ ਤੇ ਪਸ਼ੂ ਪਾਲਣ ਮੰਤਰੀ ਵੀ ਰਿਹਾ ਹੈ।

ਮਾਤਾ ਜੀ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 6ਅਕਤੂਬਰ ਮੰਗਲਵਾਰ ਦੁਪਹਿਰ 1 ਵਜੇ ਤੋਂ 2 ਵਜੇ ਤੀਕ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਲੁਧਿਆਣਾ ਵਿੱਚ ਹੋਵੇਗੀ। ਸੱਚ -ਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਦੀਪ ਸਿੰਘ ਕੀਰਤਨ ਸੇਵਾ ਕਰਨਗੇ।

ਸ. ਮਹਿੰਦਰ ਸਿੰਘ ਗਰੇਵਾਲ ਪਰਿਵਾਰ ਵੱਲੋਂ ਮਾਤਾ ਦੀ ਨਮਿਤ ਗੁਰਬਾਣੀ ਆਧਾਰਿਤ ਗੁਰਬਖ਼ਸ਼ ਕੌਰ ਕਾਹਲੋਂ(ਅਮਰੀਕਾ) ਜੀ ਦੀ ਲਿਖੀ ਪੁਸਤਕ "ਕਥਿਉ ਅਕਥ ਕਹਾਣੀ" ਵੀ ਛਾਪ ਕੇ ਵੰਡੀ ਜਾ ਰਹੀ ਹੈ ਤਾਂ ਦੋ ਮਾਤਾ ਜੀ ਦੇ ਅਕੀਦੇ ਅਨੁਸਾਰ ਗੁਰਮਤਿ ਗਿਆਨ ਦਾ ਪ੍ਰਕਾਸ਼ ਵਧੇ ਅਤੇ ਮਨਾਂ ਦਾ ਹਨੇਰ ਮਿਟੇ।

## ਹਵਾ ਨਾਲ ਖਿਲਵਾੜ ਬੰਦ ਹੋਵੇ, ਡੰਪਿੰਗ ਸਾਈਟ ਤੇ ਕੂੜਾ ਸਾੜਨ ਦੀ ਜਾਂਚ ਕਰਕੇ ਜ਼ਿੰਮੇਵਾਰੀ ਤੈਅ ਕੀਤੀ ਜਾਵੇ : ਅਰਸ਼ ਸੱਚਰ

### ਡਿਪਟੀ ਕਮਿਸ਼ਨਰ, ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਕੌਂਸਲ ਦੀ ਸਾਂਝੀ ਟੀਮ ਤੁਰੰਤ ਮੌਕੇ 'ਤੇ ਭੇਜਣ ਦੀ ਮੰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 6 ਅਕਤੂਬਰ : ਕੋਟਕਪੂਰਾ ਰੋਡ, ਫਰੀਦਕੋਟ ਸਥਿਤ ਮੁੱਖ ਕੂੜਾ ਸੁੱਟਣ ਵਾਲੀ ਥਾਂ 'ਤੇ ਕੂੜਾ ਸਾੜਨ ਅਤੇ ਉਸ ਵਿੱਚੋਂ ਨਿਕਲ ਰਹੇ ਧੂੰਏਂ ਕਾਰਨ ਪੈਦਾ ਹੋ ਰਹੇ ਹਵਾ ਪ੍ਰਦੂਸ਼ਣ ਦੇ ਗੰਭੀਰ ਮਾਮਲੇ ਨੂੰ ਉਠਾਉਂਦਿਆਂ ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ ਸੱਚਰ ਨੇ ਮਾਣਯੋਗ ਮੁੱਖ ਮੰਤਰੀ ਪੰਜਾਬ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਤੁਰੰਤ ਦਖ਼ਲ ਅਤੇ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸ਼ਿਕਾਇਤ ਦੀ ਕਾਪੀ ਮੁੱਖ ਸਕੱਤਰ ਪੰਜਾਬ, ਡਿਪਟੀ ਕਮਿਸ਼ਨਰ ਫਰੀਦਕੋਟ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਰੀਦਕੋਟ ਅਤੇ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਫਰੀਦਕੋਟ ਨੂੰ ਵੀ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਹੈ। ਅਰਸ਼ ਸੱਚਰ ਨੇ ਕਿਹਾ ਕਿ ਕੂੜਾ ਸੁੱਟਣ ਵਾਲੀ ਥਾਂ ਤੋਂ ਲਗਾਤਾਰ ਉੱਠ ਰਿਹਾ ਧੂੰਆਂ ਆਸ-ਪਾਸ ਦੇ ਇਲਾਕਿਆਂ ਅਤੇ ਸੜਕ ਵੱਲ ਫੈਲ ਰਿਹਾ ਹੈ, ਜਿਸ ਕਾਰਨ ਆਮ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਲਈ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ। ਖ਼ਾਸ ਕਰਕੇ ਬੱਚਿਆਂ, ਬਜ਼ੁਰਗਾਂ, ਦਮੇ ਅਤੇ ਸਾਹ ਦੀਆਂ ਬਿਮਾਰੀਆਂ ਨਾਲ ਪੀੜਤ ਵਿਅਕਤੀਆਂ ਲਈ ਅਜਿਹਾ ਪ੍ਰਦੂਸ਼ਣ ਬਹੁਤ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਸਭ ਤੋਂ ਪਹਿਲਾਂ ਇਸ ਗੱਲ ਦੀ ਨਿਰਪੱਖ ਜਾਂਚ ਕਰਨੀ ਚਾਹੀਦੀ ਹੈ ਕਿ ਕੂੜਾ ਆਖ਼ਿਰ ਸਾੜ ਕੌਣ ਰਿਹਾ ਹੈ? ਜੇਕਰ ਕੂੜਾ ਸਾੜਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਹੈ ਤਾਂ ਇਸ ਨੂੰ ਸਮੇਂ ਸਿਰ ਰੋਕਿਆ ਕਿਉਂ ਨਹੀਂ ਗਿਆ ਅਤੇ ਇਸ ਥਾਂ ਦੀ ਨਿਗਰਾਨੀ ਤੇ ਕੂੜੇ ਦੇ ਢੁੱਕਵੇਂ ਨਿਪਟਾਰੇ ਦੀ ਜ਼ਿੰਮੇਵਾਰੀ ਕਿਸ ਵਿਭਾਗ, ਅਧਿਕਾਰੀ, ਠੇਕੇਦਾਰ ਜਾਂ ਏਜੰਸੀ ਦੀ ਹੈ? ਸੱਚਰ ਨੇ ਮੰਗ ਕੀਤੀ ਕਿ ਡਿਪਟੀ ਕਮਿਸ਼ਨਰ ਫਰੀਦਕੋਟ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਕੌਂਸਲ ਫਰੀਦਕੋਟ ਦੀ ਸਾਂਝੀ ਟੀਮ ਤੁਰੰਤ ਮੌਕੇ 'ਤੇ ਭੇਜੀ ਜਾਵੇ।

ਮੌਜੂਦਾ ਹਾਲਾਤ ਦੀ ਜਾਂਚ ਦੇ ਨਾਲ ਤਸਵੀਰਾਂ ਅਤੇ ਵੀਡੀਓ ਰਾਹੀਂ ਅਧਿਕਾਰਤ ਰਿਕਾਰਡ ਤਿਆਰ ਕੀਤਾ ਜਾਵੇ ਅਤੇ ਕੂੜਾ ਸਾੜਨ ਦੀ ਘਟਨਾ ਲਈ ਜ਼ਿੰਮੇਵਾਰੀ ਸਪੱਸ਼ਟ ਤੌਰ 'ਤੇ ਤੈਅ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੂੜਾ ਇਕੱਠਾ ਕਰਨ, ਢੋਆ-ਢੁਆਈ ਜਾਂ ਨਿਪਟਾਰੇ ਦਾ ਕੰਮ ਕਿਸੇ ਠੇਕੇਦਾਰ ਜਾਂ ਨਿੱਜੀ ਏਜੰਸੀ ਨੂੰ ਦਿੱਤਾ ਗਿਆ ਹੈ ਤਾਂ ਉਸ ਦੇ ਠੇਕੇ ਦੀਆਂ ਸ਼ਰਤਾਂ ਅਤੇ ਜ਼ਿੰਮੇਵਾਰੀਆਂ ਦੀ ਵੀ ਜਾਂਚ ਕੀਤੀ ਜਾਵੇ। ਕਿਸੇ ਵੀ ਤਰ੍ਹਾਂ ਦੀ ਉਲੰਘਣਾ ਜਾਂ ਲਾਪਰਵਾਹੀ ਸਾਹਮਣੇ ਆਉਣ 'ਤੇ ਜ਼ਿੰਮੇਵਾਰ ਵਿਅਕਤੀ, ਅਧਿਕਾਰੀ, ਠੇਕੇਦਾਰ ਜਾਂ ਏਜੰਸੀ ਵਿਰੁੱਧ ਲਾਗੂ ਵਾਤਾਵਰਣ ਕਾਨੂੰਨਾਂ ਅਤੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਅਰਸ਼ ਸੱਚਰ ਨੇ ਇਹ ਵੀ ਮੰਗ ਕੀਤੀ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕੂੜਾ ਸੁੱਟਣ ਵਾਲੀ ਥਾਂ ਦੀ ਨਿਰੰਤਰ ਨਿਗਰਾਨੀ, ਸੀ.ਸੀ.ਟੀ.ਵੀ. ਕੈਮਰਿਆਂ ਦੀ ਵਿਵਸਥਾ ਅਤੇ ਨਿਯਮਿਤ ਮੌਕਾ ਜਾਂਚ ਯਕੀਨੀ ਬਣਾਈ ਜਾਵੇ, ਤਾਂ ਜੋ ਕੂੜਾ ਸਾੜਨ ਦੀ ਸਮੱਸਿਆ ਮੁੜ ਪੈਦਾ ਨਾ ਹੋਵੇ। ਅਰਸ਼ ਸੱਚਰ ਨੇ ਕਿਹਾ, "ਇਹ ਸਿਰਫ਼ ਕੂੜੇ ਜਾਂ ਇੱਕ ਡੰਪਿੰਗ ਸਾਈਟ ਦਾ ਮਸਲਾ ਨਹੀਂ ਹੈ, ਸਗੋਂ ਫਰੀਦਕੋਟ ਦੇ ਲੋਕਾਂ ਦੀ ਸਿਹਤ, ਸਾਫ਼ ਹਵਾ ਅਤੇ ਸੁਰੱਖਿਅਤ ਵਾਤਾਵਰਣ ਦੇ ਹੱਕ ਦਾ ਸਵਾਲ ਹੈ। ਕਿਸੇ ਵੱਡੀ ਸਿਹਤ ਜਾਂ ਵਾਤਾਵਰਣੀ ਸਮੱਸਿਆ ਦੀ ਉਡੀਕ ਕਰਨ ਦੀ ਬਜਾਏ ਪ੍ਰਸ਼ਾਸਨ ਨੂੰ ਤੁਰੰਤ ਮੌਕੇ 'ਤੇ ਪਹੁੰਚ ਕੇ ਕੂੜਾ ਸਾੜਨਾ ਬੰਦ ਕਰਵਾਉਣਾ, ਜ਼ਿੰਮੇਵਾਰੀ ਤੈਅ ਕਰਨੀ ਅਤੇ ਠੋਸ ਕਾਰਵਾਈ ਕਰਨੀ ਚਾਹੀਦੀ ਹੈ।"